# ਡਰਾਇੰਗ ਅਤੇ ਚਿੱਤਰਕਲਾ

**(ਭਾਗ 1)**

**ਸਮਾਂ : 3 ਘੰਟੇ** **(ਜਿਉਮੈਟਰੀਕਲ ਅਤੇ ਸਕੇਲ ਡਰਾਇੰਗ)** **ਕੁੱਲ ਅੰਕ :30**

## ਸਮੈਸਟਰ-I

**ਨੋਟ : ਪ੍ਰਸ਼ਨ ਨੰ: 1 ਤੋਂ 4 ਤੱਕ ਹਰ ਇੱਕ ਪ੍ਰਸ਼ਨ ਦੇ 3-3 ਅੰਕ ਹੋਣਗੇ। ਪੰਜਵਾਂ ਪ੍ਰਸ਼ਨ ਮਕੈਨੀਕਲ ਡਰਾਇੰਗ/ ਸਕੇਲ ਡਰਾਇੰਗ ਦਾ 18 ਅੰਕਾਂ ਦਾ ਹੋਵੇਗਾ। ਇਹ ਪ੍ਰਸ਼ਨ ਜ਼ਰੂਰੀ ਕਰਨਾ ਹੋਵੇਗਾ।**

1. ਰੇਖਾਵਾਂ ਤੇ ਆਧਾਰਤ ਦੋ ਪ੍ਰਸ਼ਨ ਪਾਏ ਜਾਣਗੇ। ਇਹਨਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਅੰਕ : 3
2. ਕੋਣਾਂ ਤੇ ਆਧਾਰਤ ਦੋ ਪ੍ਰਸ਼ਨ ਪਾਏ ਜਾਣਗੇ। ਇਹਨਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਅੰਕ : 3
3. ਤਿਕੋਣਾਂ ਤੇ ਆਧਾਰਤ ਦੋ ਪ੍ਰਸ਼ਨ ਪਾਏ ਜਾਣਗੇ। ਇਹਨਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਅੰਕ : 3
4. ਚਤੁਰਭੁਜਾਵਾਂ ਤੇ ਆਧਾਰਤ ਦੋ ਪ੍ਰਸ਼ਨ ਪਾਏ ਜਾਣਗੇ। ਇਹਨਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਅੰਕ : 3

## ਸਕੇਲ/ਮਕੈਨੀਕਲ ਡਰਾਇੰਗ

ਅੰਕ:18

ਇਹ ਪ੍ਰਸ਼ਨ ਕਰਨਾ ਜਰੂਰੀ ਹੋਵੇਗਾ।

5. (i) ਸਕੇਲ ਡਰਾਇੰਗ ਲਈ ਵਰਤੇ ਜਾਣ ਵਾਲੇ ਯੰਤਰਾਂ ਦੀ ਜਾਣ-ਪਛਾਣ।

   (ii) ਹੇਠ ਲਿਖਿਆਂ ਦਾ ਮੱਥਾ, ਪਾਸਾ ਅਤੇ ਪਲਾਨ ਬਣਾਉਣਾ ਅਤੇ ਸਬੰਧਤ ਪੈਮਾਨਾ ਵੀ ਬਣਾਉਣਾ।

   1. ਬਲਾਕ
   2. ਡੱਬਾ
   3. ਇੱਟ ਅਤੇ ਇੱਟ ਨਾਲ ਬਣੇ ਵੱਖ-ਵੱਖ ਬਲਾਕ
   4. ਸਧਾਰਣ ਪਟੜਾ
   5. ਸਧਾਰਨ ਕੁਰਸੀ
   6. ਬਲਾਕ ਲੈਟਰ "T"

ਕਾਗਜ਼ ਦਾ ਮਾਪ : ਪੂਰੇ ਡਰਾਇੰਗ ਪੇਪਰ ਦਾ 1/4 ਭਾਗ (35 ਸੈਂ.ਮੀ. × 25 ਸੈਂ. ਮੀ.)

| | | |
|---|---|---|
| ਅੰਕਾਂ ਦੀ ਵੰਡ : ਮੱਥਾ (ELEVATION) | : | 3 ਅੰਕ |
| ਪਾਸਾ (SIDE) | : | 3 ਅੰਕ |
| ਤਲ (PLAN) | : | 5 ਅੰਕ |
| ਪੈਮਾਨਾ (SCALE) | : | 2 ਅੰਕ |
| ਲਿਖਾਈ (WRITING) | : | 2 ਅੰਕ |
| ਕਾਗਜ਼ ਦੀ ਵੰਡ (DIVISION) | : | 3 ਅੰਕ |
| ਜੋੜ | : | 18 ਅੰਕ |

# ਡਰਾਇੰਗ ਅਤੇ ਚਿੱਤਰਕਲਾ

## (ਭਾਗ 2) (ਚਿੱਤਰਕਲਾ)

**ਸਮਾਂ : 4 ਘੰਟੇ** **ਸਮੈਸਟਰ–I** **ਕੁੱਲ ਅੰਕ :40**

**ਨੋਟ :** ਇਸ ਪੇਪਰ ਵਿੱਚ ਕੁੱਲ ਪੰਜ ਪ੍ਰਸ਼ਨ ਸੈਟ ਕੀਤੇ ਜਾਣਗੇ।

(ੳ) ਵਸਤੂ ਚਿੱਤਰਨ (Model Drawing) ਦਾ ਪ੍ਰਸ਼ਨ ਕਰਨਾ ਜਰੂਰੀ ਹੋਵੇਗਾ ਅਤੇ ਇਸਦੇ 24 ਅੰਕ ਹੋਣਗੇ।

(ਅ) ਭਾਗ ਦੇ 4 ਪ੍ਰਸ਼ਨਾਂ ਵਿਚੋਂ ਕੋਈ ਦੋ ਪ੍ਰਸ਼ਨ ਜਰੂਰੀ ਹੋਣਗੇ। ਇਹ 8–8 ਅੰਕਾਂ ਦੇ ਹੋਣਗੇ।

ਭਾਗ (ੳ) ਵਸਤੂ ਚਿੱਤਰਨ (Model Drawing) (ਜਰੂਰੀ) ਅੰਕ : 24

ਸਾਧਾਰਨ ਦੋ ਵਸਤੂਆਂ ਦਾ ਇੱਕਠਿਆਂ ਰੱਖ ਕੇ ਅਨੁਪਾਤ ਅਨੁਸਾਰ ਚਿੱਤਰਨ ਕਰਨਾ ਜਿਹਨਾਂ ਵਿੱਚੋਂ ਇੱਕ ਵਰਗਾਕਾਰ ਜਾਂ ਆਇਤਾਕਾਰ ਹੋਵੇ ਤੇ ਦੂਜੀ ਗੋਲ ਆਕਾਰ ਦੀ ਹੋਵੇ।

(ਅ) 1. ਸਕੈਚਿੰਗ ਅਤੇ ਬਣਾਵਟ ਅੰਕ 8

ਕਲਪਨਾਮਈ ਫਰੀ ਹੈਂਡ ਆਪਾ ਪ੍ਰਗਟ ਕਰਦੇ ਪੰਛੀਆਂ, ਜਾਨਵਰਾਂ ਅਤੇ ਆਮ ਜੀਵਨ ਦੀਆਂ ਘਟਨਾਵਾਂ ਨਾਲ ਸਬੰਧਤ ਚਿੱਤਰ ਬਣਾਉਣੇ

2. ਡਿਜ਼ਾਈਨ (Design) ਅੰਕ 8

ਜਿਊਮੈਟਰੀਕਲ ਆਕਾਰ ਵਿੱਚ ਫੁੱਲਾਂ ਦੇ ਨਮੂਨਿਆਂ ਤੇ ਆਧਾਤ ਡਿਜ਼ਾਈਨ ਤਿਆਰ ਕਰਨੇ। ਜਿਵੇਂ ਵਰਗ, ਤਿਕੋਣ ਅਤੇ ਆਇਤਾਕਾਰ ਦੇ ਆਕਾਰਾਂ ਵਿੱਚ ਬਣਾਏ ਜਾਣਗੇ।

3. ਪੋਸਟਰ ਡਿਜਾਈਨਿੰਗ

ਨਿੱਜੀ ਜੀਵਨ, ਸਿਹਤ, ਖੇਡਾਂ ਅਤੇ ਪੜ੍ਹਾਈ ਤੇ ਆਧਾਰਤ ਪੋਸਟਰ ਤਿਆਰ ਕਰਨੇ।

4. ਧਰਤੀ ਦ੍ਰਿਸ਼ ਚਿੱਤਰਨ

ਆਪਣੀ ਕਲਪਨਾ ਸ਼ਕਤੀ ਦੁਆਰਾ ਧਰਤੀ ਦ੍ਰਿਸ਼ ਚਿੱਤਰਨੇ ਜਿਹਨਾਂ ਵਿੱਚ ਦਰਖਤ, ਝੌਂਪੜੀ, ਝੀਲ ਅਤੇ ਰਸਤਾ ਆਦਿ ਚਿੱਤਰੇ ਜਾਣ।

ਕਾਗਜ ਦਾ ਮਾਪ : ਪੂਰੇ ਡਰਾਇੰਗ ਕਾਗਜ਼ ਦਾ 1/4 ਭਾਗ (35 ਸੈਂ.ਮੀ. × 25 ਸੈਂ.ਮੀ.)

ਰੰਗਾਂ ਲਈ ਮਾਧਿਅਮ : ਡਿਜ਼ਾਈਨ ਵਾਸਤੇ ਸਿਰਫ਼ ਵਾਟਰ ਕਲਰ ਅਤੇ ਬਾਕੀ ਵਿਸ਼ਿਆਂ ਲਈ ਚਾਰ ਕੋਲ/ਪੇਸਟਲ/ਪੋਸਟਰ/ ਪਾਣੀ ਵਾਲੇ ਰੰਗ ਵਰਤੇ ਜਾ ਸਕਦੇ ਹਨ।

## ਸਮੈਸਟਰ–II

**ਸਮਾਂ : 3 ਘੰਟੇ** **ਕੁੱਲ ਅੰਕ :40**

**ਜਿਉਮੈਟਰੀਕਲ ਡਰਾਇੰਗ** **ਅੰਕ : 16**

**ਨੋਟ :** ਪ੍ਰਸ਼ਨ ਨੰ: 1 ਤੋਂ 4 ਤੱਕ ਦੇ ਹਰ ਇੱਕ ਪ੍ਰਸ਼ਨ ਦੇ 4–4 ਅੰਕ ਹੋਣਗੇ। ਪੰਜਵਾਂ ਪ੍ਰਸ਼ਨ ਮਕੈਨੀਕਲ ਡਰਾਇੰਗ/ਸਕੇਲ ਡਰਾਇੰਗ ਦਾ 24 ਅੰਕ ਦਾ ਹੋਵੇਗਾ ਅਤੇ ਇਹ ਜਰੂਰੀ ਕਰਨਾ ਹੋਵੇਗਾ।

1. ਸਾਧਾਰਣ ਪੈਮਾਨਿਆਂ ਤੇ ਆਧਾਰਤ ਪ੍ਰਸ਼ਨਾਂ ਵਿਚੋਂ 2 ਪ੍ਰਸ਼ਨ ਪਾਏ ਜਾਣਗੇ। ਇਹਨਾਂ ਵਿਚੋਂ ਇੱਕ ਪ੍ਰਸ਼ਨ ਕਰਨਾ ਜ਼ਰੂਰੀ ਹੋਵੇਗਾ। ਅੰਕ 4

2. ਬਹੁਭੁਜਾਵਾਂ ਤੇ ਆਧਾਰਤ ਪ੍ਰਸ਼ਨਾਂ ਵਿਚੋਂ 2 ਪ੍ਰਸ਼ਨ ਪਾਏ ਜਾਣਗੇ। ਜਿਹਨਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਜ਼ਰੂਰੀ ਹੋਵੇਗਾ। ਅੰਕ 4

3. ਚੱਕਰ ਅਤੇ ਚਾਪ ਦੀਆਂ ਛੋਹਤ ਰੇਖਾਵਾਂ ਵਿੱਚੋਂ ਦੋ ਪ੍ਰਸ਼ਨ ਪਾਏ ਜਾਣਗੇ। ਜਿਹਨਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਅੰਕ 4

4. ਚੱਕਰਾਂ ਤੇ ਆਧਾਰਤ ਪ੍ਰਸ਼ਨਾਂ ਵਿੱਚੋਂ ਦੋ ਪ੍ਰਸ਼ਨ ਪਾਏ ਜਾਣਗੇ। ਜਿਹਨਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਅੰਕ 4

**ਸਕੇਲ/ਮਕੈਨੀਕਲ ਡਰਾਇੰਗ** ਅੰਕ : 24

ਇਹ ਪ੍ਰਸ਼ਨ ਕਰਨਾ ਜ਼ਰੂਰੀ ਹੋਵੇਗਾ।

5. (i) ਸਕੇਲ ਡਰਾਇੰਗ ਲਈ ਵਰਤੇ ਜਾਣ ਵਾਲੇ ਯੰਤਰਾਂ ਦੀ ਜਾਣ-ਪਛਾਣ।

(ii) ਹੇਠ ਲਿਖਿਆਂ ਦਾ ਮੱਥਾ, ਪਾਸਾ ਅਤੇ ਪਲਾਨ ਬਣਾਉਣਾ ਅਤੇ ਸਬੰਧਤ ਪੈਮਾਨਾ ਵੀ ਬਣਾਉਣਾ।

| | | | | ਅੰਕਾਂ ਦੀ ਵੰਡ |
|---|---|---|---|---|
| 1. | ਸਾਧਾਰਨ ਬੈਂਚ | ਮੱਥਾ (ELEVATION) | : | 5 ਅੰਕ |
| 2. | ਬੁੱਕ ਸ਼ੈਲਫ | ਪਾਸਾ (SIDE) | : | 5 ਅੰਕ |
| 3. | ਬੁੱਕ ਰੈਕ | ਤਲ (PLAN) | : | 7 ਅੰਕ |
| 4. | ਸਧਾਰਨ ਮੇਜ ਬਿਨਾਂ ਦਰਾਜ਼ | ਪੈਮਾਨਾ (SCALE) | : | 2 ਅੰਕ |
| 5. | ਬੇਬੀ ਡੈਕਸ | ਲਿਖਾਈ (WRITING) | : | 2 ਅੰਕ |
| 6. | ਕਾਸਟ ਆਇਰਨ ਬਲਾਕ | ਕਾਗਜ਼ ਦੀ ਵੰਡ (DIVISION) | : | 3 ਅੰਕ |
| 7. | ਬਲਾਕ | ਜੋੜ | : | 24 ਅੰਕ |

ਕਾਗਜ ਦਾ ਮਾਪ : ਪੂਰੇ ਡਰਾਇੰਗ ਪੇਪਰ ਦਾ 1/4 ਭਾਗ (35 ਸੈਂ.ਮੀ. × 25 ਸੈਂ. ਮੀ.)

## ਸਮੈਸਟਰ-II

### ਭਾਗ II ਚਿੱਤਰਕਲਾ

ਸਮਾਂ : 4 ਘੰਟੇ ਕੁੱਲ ਅੰਕ : 60

**ਨੋਟ :** ਇਸ ਪੇਪਰ ਵਿੱਚ ਕੁੱਲ ਪੰਜ ਪ੍ਰਸ਼ਨ ਸੈਟ ਕੀਤੇ ਜਾਣਗੇ।

(ੳ) ਵਸਤੂ ਚਿੱਤਰਨ (Model Drawing) ਦਾ ਪ੍ਰਸ਼ਨ ਕਰਨਾ ਜ਼ਰੂਰੀ ਹੋਵੇਗਾ ਅਤੇ ਇਸਦੇ 30 ਅੰਕ ਹੋਣਗੇ।

(ਅ) ਭਾਗ ਦੇ 4 ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨ ਕਰਨੇ ਜ਼ਰੂਰੀ ਹੋਣਗੇ।

ਇਹ 15-15 ਅੰਕਾਂ ਦੇ ਹੋਣਗੇ।

ਭਾਗ (ੳ) ਵਸਤੂ ਚਿਤਰਨ (Model Drawing) (ਜ਼ਰੂਰੀ) ਅੰਕ 30

ਸਾਧਾਰਨ ਤਿੰਨ ਵਸਤੂਆਂ ਦਾ ਇਕੱਠਿਆਂ ਰੱਖ ਕੇ ਅਨੁਪਾਤ ਅਨੁਸਾਰ ਚਿੱਤਰਨ ਕਰਨਾ। ਜਿਹਨਾਂ ਵਿਚੋਂ ਇੱਕ ਵਰਗਾਕਾਰ ਜਾਂ ਆਇਤਾਕਾਰ ਹੋਵੇ ਬਾਕੀ ਦੇ ਵੱਖਰੇ ਵੱਖਰੇ ਆਕਾਰ ਦੀਆਂ ਗੋਲ ਆਕਾਰ ਵਸਤਾਂ ਹੋਣ।

(ਅ) ਧਰਤੀ ਦ੍ਰਿਸ਼ ਚਿੱਤਰਨ।

(i) ਕਲਪਨਾ ਸ਼ਕਤੀ ਦੁਆਰਾ ਧਰਤੀ ਦ੍ਰਿਸ਼ ਚਿੱਤਰਨਾ। ਜਿਸ ਵਿੱਚ ਪਹਾੜ, ਦਰਖਤ, ਘਰ, ਦਰਿਆ, ਪੁਲ ਆਦਿ ਹੋਣ।

(ii) ਡਿਜ਼ਾਈਨ

ਜਿਉਮੈਟਰੀਕਲ ਆਕਾਰ, ਸਮਬਾਹੀ ਤਿਕੋਣ, ਲੰਬਕੋਣੀ ਤਿਕੋਣ, ਚੱਕਰ, ਪੰਜ ਭੁੱਜ ਵਿੱਚ ਫੁੱਲ ਪੱਤੀਆਂ ਨਾਲ ਸੁੰਦਰ ਨਮੂਨਾ ਤਿਆਰ ਕਰਨਾ।

(iii) ਪੋਸਟਰ ਡਿਜਾਈਨਿੰਗ।

ਪੋਸਟਰ ਡਿਜਾਈਨਿੰਗ/ਸੰਦੇਸ਼ ਚਿੱਤਰ ਵਿੱਚ ਖ਼ੂਨ ਦਾਨ ਕਰੋ, ਕਸਰਤ ਕਰੋ, ਪ੍ਰਵਾਸੀ ਪੰਛੀ, ਛੋਟਾ ਪਰਿਵਾਰ ਅਤੇ ਨਸ਼ਿਆਂ ਦੀ ਬੁਰਾਈ ਸਬੰਧੀ ਚਿੱਤਰ ਤਿਆਰ ਕਰਨੇ। ਭਾਸ਼ਾ ਹਿੰਦੀ ਪੰਜਾਬੀ, ਅੰਗਰੇਜੀ ਅਤੇ ਉਰਦੂ ਕੋਈ ਵੀ ਵਰਤੀ ਜਾ ਸਕਦੀ ਹੈ।

(iv) ਸਕੈਚਿੰਗ ਅਤੇ ਬਣਾਵਟ

ਆਪਣੀ ਯਾਦ ਸ਼ਕਤੀ ਦੁਆਰਾ ਕਲਪਨਾਮਈ ਫਰੀ ਹੈਂਡ ਆਪਾ ਪ੍ਰਗਟ ਕਰਦੇ ਆਮ ਜੀਵਨ ਨਾਲ ਸਬੰਧਤ ਚਿੱਤਰ ਅਤੇ ਪਸ਼ੂ ਪੰਛੀਆਂ ਦੇ ਚਿੱਤਰ ਬਣਾਉਣੇ।

ਕਾਗਜ ਦਾ ਮਾਪ : ਪੂਰੇ ਡਰਾਇੰਗ ਕਾਗਜ਼ ਦਾ 1/4 ਭਾਗ (35 ਸੈਂ.ਮੀ. × 25 ਸੈਂ.ਮੀ.)

ਰੰਗਾਂ ਲਈ ਮਾਧਿਅਮ : ਡਿਜ਼ਾਈਨ ਵਾਸਤੇ ਸਿਰਫ਼ ਵਾਟਰ ਕਲਰ ਅਤੇ ਬਾਕੀ ਵਿਸ਼ਿਆਂ ਲਈ ਚਾਰ ਕੋਲ/ਪੇਸਟਲ/ਪੋਸਟਰ/ ਪਾਣੀ ਵਾਲੇ ਰੰਗ ਵਰਤੇ ਜਾ ਸਕਦੇ ਹਨ।